This question paper contains 2 printed pages]

**Roll No.** | | | | | | | | | | | |

| | | |
|---|---|---|
| S. No. of Question Paper | : | **136** |
| Unique Paper Code | : | **212382** |
| Name of the Paper | : | **Punjabi 'B' (C.P. 3.4)** |
| Name of the Course | : | **B.Com. (Programme) Punjabi** |
| Semester | : | **III** |

**D**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਬਾਰੇ ਚਰਚਾ ਕਰੋ? 10

ਜਾਂ

ਆਧੁਨਿਕ ਪੰਜਾਬੀ ਕਵਿਤਾ ਦੀ ਪਰਿਭਾਸ਼ਾ ਦੱਸਦੇ ਹੋਏ, ਉਸਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।

2. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇਕ ਦਾ ਆਲੋਚਨਾਮਕ ਸਾਰ ਲਿਖੋ : 10

ੳ) ਅੰਨ ਦਾਤਾ ਅ) ਤਾਜ ਮੱਹਲ ੲ) ਕੰਡਿਆਲੀ ਥੋਰ੍ਹ।

3. ਹੇਠ ਲਿਖੀਆਂ ਕਾਵਿ-ਟੁੱਕੜੀਆਂ 'ਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

ੳ) ''ਘੁੰਗਟ ਵਾਂਗੁ
ਐਸਾ ਜਾਲ ਉਨ੍ਹਾਂ ਨੇ ਬੁਣਿਆ,
ਝਲਕ ਨਾ ਪਈ ਨੁਹਾਰ ਦੀ।
ਥਿਗੜੀਆਂ ਵਾਲੀ ਸੁੱਥਣ ਕੁੰਜ ਕੇ,
ਫੜ ਕੇ ਮੇਰੀ ਬਾਂਹ
ਠਿਲ੍ਹ ਪਈ ਵਿਚ ਸੁਹਾਂ ਕੁੜੀ ਪੋਠੋਹਾਰ ਦੀ।

ਅ) ''ਮਿਰੀ ਛਿਪੇ ਰਹਿਣ ਦੀ ਚਾਹ
ਤੇ ਛਿਪ ਟੁਰ ਜਾਣ ਦੀ,
ਹਾਂ, ਪੂਰੀ ਹੁੰਦੀ ਨਾਂਹ
ਮੈਂ ਤਰਲੇ ਲੈ ਰਿਹਾ।''

4. ਪੰਜਾਬੀ ਭਾਸ਼ਾ ਦੀਆਂ ਮੂਲ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿਉ। 15

ਜਾਂ

ਪੰਜਾਬੀ ਭਾਸ਼ਾ ਬਾਰੇ ਤੁਸੀਂ ਕੀ ਜਾਣਦੇ ਹੋ? ਵਿਚਾਰ ਕਰੋ।

5. ''ਰੀਤ-ਰੀਵਾਜਾਂ ਦਾ ਸਾਡੇ ਸਮਾਜ ਵਿਚ ਇਕ ਖ਼ਾਸ ਸਥਾਨ ਹੈ।'' ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ? ਵਿਚਾਰ ਕਰੋ। 10

ਜਾਂ

ਜਨਮ ਤੇ ਵਿਆਹ ਸਮੇਂ ਨਾਲ ਸੰਬੰਧਤ ਰੀਤੀ ਰਿਵਾਜਾਂ ਬਾਰੇ ਚਰਚਾ ਕਰੋ।

P.T.O.

6. ਕਿਸੇ ਇਕ ਵਿਸ਼ੇ 'ਤੇ ਲੇਖ ਲਿਖੋ : 10
ੳ) ਕੰਪਿਊਟਰ ਦੀ ਵੱਧ ਰਹੀ ਵਰਤੋਂ ਅ) ਸਾਡੀ ਵਿਦਿਆ ਪ੍ਰਣਾਲੀ
ੲ) ਭ੍ਰਿਸ਼ਟਾਚਾਰ।

7. 'ਛੰਦ' ਤੋਂ ਕੀ ਭਾਵ ਹੈ? ਇਸਦੇ ਮੁੱਖ ਭੇਦਾਂ ਬਾਰੇ ਲਿਖੋ 5

ਜਾਂ

ਕਿਸੇ ਇਕ ਛੰਦ ਦੀ ਪਰਿਭਾਸ਼ਾ ਉਦਾਹਰਣ ਸਹਿਤ ਲਿਖੋ।

8. ਹੇਠ ਲਿਖੇ ਅਖਾਣਾਂ ਦੇ ਅਰਥ ਦੱਸਦਿਆਂ ਵਾਕ ਬਣਾਉ : 5
ੳ) ਅਸਮਾਨ 'ਤੇ ਥੁੱਕਿਆਂ ਆਪਣੇ ਮੂੰਹ 'ਤੇ ਪੈਂਦਾ ਹੈ।
ਅ) ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖੜੀ।
ੲ) ਸਭੇ ਭੇਡਾਂ ਮੂੰਹ ਕਾਲੀਆਂ।
ਸ) ਆਪੇ ਮੈਂ ਰੱਜੀ-ਪੁੱਜੀ, ਆਪੇ ਮੇਰੇ ਬੱਚੇ ਜੀਉਣ
ਹ) ਉਠਿਆ ਜਾਵੇ ਨਾ, ਫਿੱਟੇ ਮੂੰਹ ਗੋਡਿਆਂ ਦੇ।